## ੨.

99
265

# ਜ[illegible]ਹਿਰੂ ਦਾ ਜਨਮ

ਚਾਲੀ ਕਰੋੜ ਹਿੰਦੁਸਤਾਨੀ ਦਿਲਾਂ ਦਾ ਸ਼ਹਿਨਸ਼ਾਹ, ਗ਼ੁਲਾਮ ਦੇਸ਼ ਦੀ ਆਜ਼ਾਦ ਰੂਹ, ਆਜ਼ਾਦੀ ਤੋਂ ਸਭ ਕੁਝ ਕੁਰਬਾਨ ਕਰਨ ਵਾਲਾ ਜਵਾਹਿਰ ਲਾਲ ਨਹਿਰੂ ੧੪ ਨਵੰਬਰ ੧੮੮੯ ਨੂੰ ਅਲਾਹਬਾਦ ਵਿਚ ਪੈਦਾ ਹੋਇਆ। ਪਛਮੀ ਰੰਗ ਵਿਚ ਰੰਗੇ ਅਮੀਰ ਪਿਤਾ ਨੇ ਅੰਗਰੇਜ਼ ਉਸਤਾਨੀਆਂ ਰਖ ਦਿਤੀਆਂ। ਇਕਲੌਤੇ ਪੁਤਰ ਲਈ ਮੋਤੀ ਲਾਲ ਨੇ ਕੀ ਕੁਝ ਨਹੀਂ ਕੀਤਾ ਹੋਵੇਗਾ ਜਦ ਕਿ ਆਮਦਨੀ ਬਹੁਤ ਤੇ ਜਮਾ ਕਰਨ ਦੀ ਲਾਲਸਾ ਉੱਕੀ ਨਹੀਂ ਸੀ।

ਉੱਦੋ ਜਵਾਹਰ ਲਾਲ ਸਿਰਫ਼ ਪੰਜ ਛੇ ਸਾਲ ਦੀ ਉਮਰ ਦਾ ਹੋਵੇਗਾ, ਜਦ ਉਸਨੇ ਆਪਣੇ ਪਿਤਾ ਦੀ ਮੇਜ਼ ਤੇ ਦੋ ਕਲਮ ਪਏ ਵੇਖੇ। ਮਾਸੂਮ ਜਵਾਹਰ ਦੇ ਦਿਲ ਵਿਚ ਬਿਨਾਂ ਦਵਾਤੋਂ ਲਿਖਣ ਵਾਲੇ ਕਲਮ ਦੀ ਖ਼ਾਹਿਸ਼ ਪੈਦਾ ਹੋਈ। "ਪਿਤਾ ਜੀ ਨੂੰ ਦੋ ਕਲਮਾਂ ਦੀ ਦੀ ਕੀ ਲੋੜ ਹੋ ਸਕਦੀ ਹੈ ?" ਸੋਚ ਕੇ ਜਵਾਹਰ ਨੇ ਇਕ ਫ਼ਊਂਟੈਨ ਕਲਮ ਆਪਣੇ ਲਈ ਚੁਣ ਲਿਆ। ਕਲਮ ਦੀ ਤਲਾਸ਼ ਸ਼ੁਰੂ ਹੋ ਗਈ ਤੇ ਉਹ ਜਵਾਹਰ ਪਾਸੋਂ ਮਿਲ ਗਿਆ। ਪਿਉ ਨੇ ਮਾਸੂਮ ਬਾਲ ਨੂੰ ਸਖ਼ਤ ਸਜ਼ਾ ਦਿਤੀ। ਜਵਾਹਰ ਲਾਲ ਨੇ ਰੋਂਦੇ ਤੇ ਦੁਖਦੇ ਸਰੀਰ ਨੂੰ ਮਾਂ ਦੀ ਗੋਦੀ ਵਿਚ ਜਾ ਲੁਕਾ-ਇਆ। ਪਿਤਾ ਦੀਆਂ ਚਪੇੜਾਂ ਨਾਲ ਉਸਦੇ ਅੰਗ ਅੰਗ ਵਿਚ ਦਰਦ ਹੋ ਰਿਹਾ ਸੀ। ਕਿੰਨੇ ਦਿਨ ਤਕ ਪਿਤਾ ਦੀ ਮਾਰ ਨਾਲ ਲਾਸਾਂ ਪਏ ਸਰੀਰ ਮਾਂ ਦਵਾਈਆਂ ਲਾਂਦੀ, ਮਾਲਸ਼ਾਂ ਕਰਦੀ ਤੇ ਪਟੀਆਂ ਸੇਕਦੀ ਰਹੀ।

ਸ਼ਾਮ ਨੂੰ ਮੋਤੀ ਲਾਲ ਨਹਿਰੂ ਦੇ ਦੋਸਤ ਮਿਤਰ ਘਰ ਆ ਜਾਂਦੇ, ਤਾਂ ਚੰਗੀ ਮਹਿਫ਼ਲ ਗਰਮ ਹੁੰਦੀ। ਟੈਨਿਸ, ਗਪ ਗਿਆਨ, ਜਾਂ ਖਾਣ ਪੀਣ ਦਾ ਸ਼ੁਗਲ ਕੀਤਾ ਜਾਂਦਾ ਪਰ ਪਿਤਾ ਘਰ ਹੁੰਦਿਆਂ ਉਸਦੇ ਕਮਰੇ ਵਿਚ ਜਾਣ ਦੀ ਜਵਾਹਰ ਦੀ ਘਟ ਹੀ ਹਿੰਮਤ ਪੈਂਦੀ। ਇਕ ਦਿਨ ਦਰਵਾਜ਼ੇ ਚੋਂ ਪਰਦੇ ਉਹਲੇ ਖੜੋ ਕੇ ਉਸ ਨੇ ਝਾਤ ਪਾਈ। ਇਹ ਵੇਖਣ ਲਈ ਕਿ ਪਿਤਾ ਤੇ ਹੋਰ ਲੋਕੀ ਕੀ ਕਰਦੇ ਰਹਿੰਦੇ ਹਨ ? ਉਸਦੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਹੀ ਰਹਿ ਗਈਆਂ, ਜਦੋਂ ਉਸ ਨੇ ਵੇਖਿਆ ਕਿ ਉਸਦਾ ਪਿਤਾ ਹੋਰ ਦੋਸਤਾਂ ਨਾਲ ਮੇਜ਼ ਦੇ ਦਵਾਲੇ ਬੈਠਾ ਕਚ ਦੇ ਗਲਾਸ ਵਿਚੋਂ ਕੁਝ ਲਾਲ ਲਾਲ ਪੀ ਰਿਹਾ ਹੈ। ਉਸ ਸੋਚਿਆ, "ਇਹ ਲਹੂ ਹੀ ਹੋ ਸਕਦਾ ਹੈ, ਤੇ ਖਬਰੇ ਮੇਰੀ ਉਮਰ ਦੇ ਬਚਿਆਂ ਦਾ ਹੀ ਹੋਵੇ ਤਾਹੀਓਂ ਤਾਂ ਪਿਤਾ ਜੀ ਨੂੰ ਗੁਸਾ ਬਹੁਤਾ ਆਉਂਦਾ ਹੈ।" ਉਹ ਦੌੜ ਕੇ ਧੜਕਦੇ ਦਿਲ ਨਾਲ ਮਾਂ ਦੀ ਛਾਤੀ ਨਾਲ ਜਾ ਲਗਾ। ਕੰਬ-ਦੀਆਂ ਅਖਾਂ ਤੇ ਸਹਿਮੇ ਹੋਏ ਚਿਹਰੇ ਨਾਲ ਉਸ ਪਿਤਾ ਦੇ ਨਿਰਦਈ ਹੋਣ ਦੀ ਖ਼ਬਰ ਮਾਂ ਨੂੰ ਜਾ ਸੁਣਾਈ, "ਮਾਂ ! ਪਿਤਾ ਜੀ ਖ਼ੂਨ ਪੀ ਰਹੇ ਹਨ।"



ਇਸ ਤੋਂ ਬਾਅਦ ਉਹ ਪਿਤਾ ਤੋਂ ਹੋਰ ਵੀ ਡਰਨ ਲਗ ਪਿਆ।

ਜਵਾਹਰ ਲਾਲ ਨੂੰ ਇਸ ਗਲ ਤੋਂ ਬੜੀ ਖਿਝ ਆਉਂਦੀ ਕਿ ਉਸਦਾਕੋਈ ਭਰਾ ਭੈਣ ਨਹੀਂ ਸੀ। ਐਡੇ ਵਡੇ ਘਰ ਵਿਚ ਉਸਦੀ ਉਮਰ ਦਾ ਕੋਈ ਬਾਲ ਨਹੀਂ, ਜਿਸ ਨਾਲ ਖੇਡ ਕੇ ਉਹ ਵਕਤ ਗੁਜ਼ਾਰੇ। ਕੁਝ ਸਮਾਂ ਅੰਗਰੇਜ਼ ਉਸਤਾਨੀ ਕੋਲ ਗੁਜ਼ਰਦਾ, ਬਹੁਤਾ ਮਾਂ ਕੋਲ ਤੇ ਕੁਝ ਆਪਣੇ ਪਿਤਾ ਦੇ ਮੁਨਸ਼ੀ ਮੁਬਾਰਿਕ ਕੋਲ ਲੰਘਦਾ। ਉਹ ਪਿਤਾ ਪਾਸ ਬਹੁਤ ਹੀ ਘਟ ਬੈਠਿਆ ਕਰਦਾ। ਪਿਤਾ ਨਾਲ ਖੁਲ੍ਹਕੇ ਗਲਾਂ ਵੀ ਕਿਸ ਤਰ੍ਹਾਂ ਕਰ ਸਕਦਾਸੀ, ਜਦੋਂ ਕਿ ਦੋ ਕਲਮਾਂ ਦੇ ਮਾਲਕ ਤੋਂ ਇਕ ਕਲਮ ਲੈ ਲੈਣ ਕਰਕੇ ਉਸ ਦੀ ਇਤਨੀ ਮੁਰੰਮਤ ਕੀਤੀ ਗਈ ਸੀ ਤੇ ਫਿਰ ਉਹ ਆਪ ਉਸ ਨੂੰ "ਲਾਲ ਲਹੂ" ਪੀਂਦਿਆਂ ਵੇਖ ਚੁਕਾ ਸੀ। ਮਾਂ ਤੋਂ ਬਾਹਦ ਮੁਨਸ਼ੀ ਮੁਬਾਰਕ ਉਸਦੇ ਭੇਤੀ ਸਨ। ਮੁਹੱਰਮ ਦਾ ਜਲੂਸ ਮੁਨਸ਼ੀ ਮੁਬਾਰਿਕ ਛੋਟੇ ਜਵਾਹਰ ਨੂੰ ਵਿਖਾਂਦੇ। ਈਦ ਦੀਆਂ ਰੌਣਕਾਂ ਜਵਾਹਰ ਮੁਨਸ਼ੀ ਮੁਬਾਰਕ ਨਾਲ ਹੀ ਮਾਣਦਾ ਤੇ ਮੁਨਸ਼ੀ ਜੀ ਦੇ ਘਰ ਜਾ ਕੇ ਈਦ ਦੇ ਦਿਨ ਸੇਵੀਆਂ ਤੇ ਮਿਠਾਈ ਉਡਾਈ ਜਾਂਦੀ। ਜਦੋਂ ਉਸਦਾ ਦਿਲ ਉਦਾਸ ਹੁੰਦਾ ਉਹ ਮੁਨਸ਼ੀ ਮੁਬਾਰਕ ਜੀ ਕੋਲ ਜਾ ਉਸਦੀ ਗੋਦੀ ਵਿਚ ਬੈਠ ਕੇ ਕਦੇ ਉਸ ਪਾਸੋਂ ਅਲਫ਼ ਲੈਲਾ ਦੀਆਂ ਕਹਾਣੀਆਂ ਸੁਣਦਾ, ਕਦੀ ਗ਼ਦਰ ਦੇ ਅਫ਼ਸਾਨੇ। ਤੇ ਉਹ ਇਤਨੇ ਧਿਆਨ ਨਾਲ ਸੁਣਦਾ ਕਿ ਉਸਨੂੰ ਹੋਰ ਸਭ ਕੁਝਭੁਲ ਜਾਂਦਾ।

ਜਵਾਹਰ ਲਾਲ ਦਾ ਜਨਮ ਦਿਨ ਬੜੀ ਸ਼ਾਨ ਨਾਲ ਮਨਾਇਆ ਜਾਂਦਾ। ਉਹ ਦੀਵਾਲੀ, ਰਾਮ ਲੀਲਾ, ਤੇ ਮੁਹੱਰਮ ਦੀਆਂ ਰੌਣਕਾਂ ਵੇਖ ਕੇ ਬਹੁਤ ਹੀ ਪ੍ਰਸੰਨ ਹੁੰਦਾ, ਪਰ ਆਪਣੇ ਜਨਮ ਦਿਨ ਦੀਆਂ ਰੌਣਕਾਂ ਸਮੇਂ ਉਸਦੀ ਖ਼ੁਸ਼ੀ ਦੀ ਹਦ ਨਹੀਂ ਸੀ ਹੁੰਦੀ। ਇਕ ਵਡੇ ਤਕੜ ਵਿਚ ਜਵਾਹਰ ਦੇ ਸਾਵੀਂ ਕਣਕ ਤੋਲ ਕੇ ਗ਼ਰੀਬਾਂ ਨੂੰ ਦਿਤੀ ਜਾਂਦੀ। ਸੋਹਣੇ ਸੋਹਣੇ ਕਪੜੇ ਪਵਾ ਕੇ ਉਸਨੂੰ ਲਾਹੜੇ ਵਾਂਗ ਸਜਾਇਆ ਜਾਂਦਾ। ਸੁੰਦਰ ਸਜੇ ਲੋਕਾਂ ਦੀ ਭੀੜ ਵਿਚ ਬਾਲ ਜਵਾਹਰ ਨੂੰ ਬੜਾ ਹੀ ਸੁਆਦ ਆਉਂਦਾ। ਉਹ ਕਈ ਵੇਰ ਸ਼ੋਰ ਮਚਾ ਕੇ ਜ਼ਿਦ ਕਰਦਾ ਕਿ ਉਸ ਦਾ "ਜਨਮ ਦਿਨ"

ਮੁੜ ਮੁੜ ਕਿਉਂ ਨਹੀਂ ਮਨਾਇਆ ਜਾਂਦਾ।

ਇਕ ਦਿਨ ਘਰ ਵਿਚ ਟੈਨਿਸ ਪਾਰਟੀ ਹੋ ਰਹੀ ਸੀ ਕਿ ਇਕ ਨੌਕਰ ਨੇ ਆ ਕੇ ਪਤਾ ਦਿਤਾ ਕਿ "ਅਰਬੀ ਨਸਲ ਦਾ ਛੋਟਾ ਘੋੜਾ ਜਿਸਤੇ ਜਵਾਹਰ ਰੋਜ਼ ਸੈਰ ਕਰਨ ਜਾਂਦਾ ਹੈ ਅਜ ਖ਼ਾਲੀ ਮੁੜਿਆ ਆ ਰਿਹਾ ਹੈ।" ਸਾਰੇ ਹਫੜਾ ਦਫੜੀ ਮਚ ਗਈ। ਘਰ ਵਾਲੇ ਤੇ ਮਹਿਮਾਨ ਸਭ ਬੇਚੈਨ ਹੋ ਕੇ ਉਸ ਨੂੰ ਲਭਣ ਟੁਰ ਪਏ। ਜਵਾਹਰ ਦੀ ਉਮਰ ਉਦੋਂ ਮਸਾਂ ਸਤ ਕੂ ਸਾਲ ਸੀ, ਤੇ ਉਸਨੂੰ ਘੋੜੇ ਦੀ ਸਵਾਰੀ ਦਾ ਸ਼ੌਕ ਇਤਨਾ ਸੀ, ਕਿ ਸ਼ਾਮ ਨੂੰ ਛਾਉਣੀ ਦੇ ਇਕ ਸਵਾਰ ਨਾਲ ਆਪਣੇ ਅਰਬੀ ਨਸਲ ਦੇ ਘੋੜੇ ਤੇ ਸਵਾਰੀ ਕਰਨ ਜਾਣਾ ਉਸਦਾ ਨੇਮ ਬਣ ਚੁਕਾ ਸੀ ਤੇ ਅਜ ਉਹ ਉਸੇ ਘੋੜੇ ਤੋਂ ਡਿਗ ਪਿਆ ਸੀ। ਸਾਰੇ ਇਕ ਦਮ ਉਠ ਨਠੇ। ਕੁਝ ਚਿਰ ਦੀ ਖੋਜ ਪਿਛੋਂ ਜਦ ਇਸ ਜਣੇ ਨੂੰ ਜਵਾਹਰ ਮਿਲ ਗਿਆ, ਤਾਂ ਸਾਰਿਆਂ ਨੂੰ ਬੜੀ ਖ਼ੁਸ਼ੀ ਹੋਈ।

ਮੋਤੀ ਲਾਲ ਜੀ ਨੇ ੧੮੯੯ ਵਿਚ ਜਦੋਂ ਜਵਾਹਰ ਲਾਲ ਦੀ ਉਮਰ ਦਸ ਸਾਲ ਸੀ – ਨਹਿਰੂ ਟੱਬਰ ਨੂੰ ਇਕ ਨਵੇਂ ਘਰ ਵਿਚ ਲਿਆਂਦਾ ਇਸ ਦਾ ਨਾਂ ਆਨੰਦ ਭਵਨ ਸੀ। ਇਹ ਪਹਿਲੇ ਘਰ ਦੇ ਮੁਕਾਬਲੇ ਤੇ ਬੜਾ ਖੁਲ੍ਹਾ, ਸਾਫ਼ ਤੇ ਸ਼ਹਾਨਾ ਮਹੱਲ ਸੀ। 'ਭਵਨ' ਵਿਚ ਸੁੰਦਰ ਤਾਲਾਬ ਤੇ ਬਾਗ ਤੋਂ ਇਲਾਵਾ ਬਿਜਲੀ ਵੀ ਲਗੀ ਹੋਈ ਸੀ। ਉਹਨੀਂ ਦਿਨੀਂ ਅਲਾਹਬਾਦ ਵਿਚ ਬਿਜਲੀ ਬਿਲਕੁਲ ਨਵੀਂ ਚੀਜ਼ ਸੀ। ਜਵਾਹਰ ਲਾਲ ਨੂੰ ਸਾਰੇ 'ਅਨੰਦ ਭਵਨ' ਵਿਚੋਂ ਜੋ ਚੀਜ਼ ਬਹੁਤੀ ਪਸੰਦ ਆਈ ਉਹ ਸੀ ਠੰਡੇ ਪਾਣੀ ਦਾ ਸਾਫ਼ ਤੇ ਸੁੰਦਰ ਤਾਲਾਬ। ਇਸ ਤਾਲਾਬ ਦੇ ਸਦਕੇ ਜਵਾਹਰ ਨੇ ਦਿਨਾਂ ਵਿਚ ਤਰਨਾ ਸਿਖ ਲਿਆ। ਗਰਮੀ ਦੇ ਤਪਦੇ ਦਿਨਾਂ ਵਿਚ ਤਲਾ ਵਿਚ ਤਰਨ ਤੇ ਛਾਲਾਂ ਮਾਰਨ ਵਿਚ ਜਵਾਹਰ ਲਾਲ ਨੂੰ ਬੜਾ ਸੁਆਦ ਆਉਂਦਾ। ਤਰਨ ਤੋਂ ਵੀ ਵਧ ਸੁਆਦ ਇਸਨੂੰ ਕਿਸੇ ਅਨਤਾਰੂ ਨੂੰ ਪਾਣੀ ਵਿਚ ਘਸੀਟਣ ਤੇ ਤੰਗ ਕਰਨ ਵਿਚ ਆਉਂਦਾ। ਡਾਕਟਰ ਤੇਜ ਬਹਾਦਰ ਸਪਰੂ ਇਨ੍ਹਾਂ ਦਿਨਾਂ ਵਿਚ ਅਲਾਹਬਾਦ ਵਕਾਲਤ ਸਿਖ ਰਹੇ ਸਨ। ਉਹ



ਨਹਾਣ ਸਮੇਂ ਤਲਾਬ ਦੀ ਪਹਿਲੀ ਪੌੜੀ ਤੇ ਹੀ ਬੈਠੇ ਰਹਿੰਦੇ, ਅਗੇ ਜਾਣ ਤੋਂ ਅਨਤਾਰੂ ਹੋਣ ਕਰਕੇ ਬੜੇ ਡਰਦੇ। ਜਵਾਹਰ ਦੀ ਸ਼ਰਾਰਤੀ ਪ੍ਰੇਰਨਾ ਦੇ ਬਾਵਜੂਦ ਦੂਜੀ ਪੌੜੀ ਤੋਂ ਅਗੇ ਜਾਣ ਲਈ ਕਦੀ ਰਾਜ਼ੀ ਨਹੀਂ ਸਨ ਹੁੰਦੇ। ਮੋਤੀ ਲਾਲ ਜੀ ਨੂੰ ਤਰਨਾ ਭਾਵੇਂ ਨਹੀਂ ਸੀ ਆਉਂਦਾ ਪਰ ਉਹ ਹੌਸਲਾ ਕਰਕੇ ਹਥ ਪੈਰ ਮਾਰ ਤਲਾ ਪਾਰ ਕਰ ਹੀ ਲੈਂਦੇ ਸਨ।

ਮੁੱਢਲੀ ਵਿਦਿਆ ਲਈ ਜਵਾਹਰ ਲਾਲ ਨੂੰ ਇਕ ਬਿਰਧ ਪੰਡਤ ਜੀ ਦੇ ਸਪੁਰਦ ਕੀਤਾ ਗਿਆ। ਕੁਝ ਸਾਲ ਪੜ੍ਹਨ ਤੋਂ ਬਾਅਦ ਵੀ ਉਹ ਬਹੁਤ ਕੁਝ ਨਾ ਸਿਖ ਸਕਿਆ। ਪੰਡਤ ਜੀ ਹਿੰਦੀ ਤੇ ਸੰਸਕ੍ਰਿਤ ਪੜ੍ਹਾਂਦੇ ਸਨ। ਹਿੰਦੀ ਕੁਝ ਨਾ ਕੁਝ ਪੜ੍ਹੀ ਗਈ, ਪਰ ਸੰਸਕ੍ਰਿਤ ਬਹੁਤ ਹੀ ਘਟ ਪਲੇ ਪਈ। ਗਿਆਰਾਂ ਸਾਲ ਦੀ ਉਮਰ ਵਿਚ ਉਸ ਲਈ ਅੰਗਰੇਜ਼ੀ ਮਾਸਟਰ ਰਖਿਆ ਗਿਆ ਜਿਸ ਨੇ ਤਿੰਨ ਸਾਲ ਵਿਚ ਚੋਖੀਆਂ ਸਾਰੀਆਂ ਅੰਗਰੇਜ਼ੀ ਕਿਤਾਬਾਂ ਪੜ੍ਹਾ ਦਿਤੀਆਂ ਤੇ ਜਵਾਹਰ ਨੂੰ ਪੜ੍ਹਨ ਦੀ ਚੇਟਕ ਵੀ ਲਾ ਦਿਤੀ।

ਇਨ੍ਹਾਂ ਦਿਨਾਂ ਵਿਚ ਜਵਾਹਰ ਲਾਲ ਜਨੂਬੀ ਅਫਰੀਕਾ ਵਿਚ ਛਿੜੀ ਬੋਇਰ ਲੜਾਈ ਦੀਆਂ ਖ਼ਬਰਾਂ ਪੜ੍ਹਦਾ ਰਹਿੰਦਾ। ਬੋਇਰਾਂ ਨੇ ਅੰਗਰੇਜ਼ਾਂ ਦਾ ਮੁਕਾਬਲਾ ਜਿਸ ਹੌਸਲੇ ਤੇ ਦਲੇਰੀ ਨਾਲ ਕੀਤਾ ਸੀ ਉਸਦਾ ਹਾਲ ਪੜ੍ਹਕੇ ਜਵਾਹਰ ਲਾਲ ਨੂੰ ਬੜੀ ਖ਼ੁਸ਼ੀ ਹੁੰਦੀ।

ਅੰਗਰੇਜ਼ਾਂ ਦਾ ਨਫ਼ਰਤ ਭਰਿਆ ਵਰਤਾਉ, ਜੀਵਨ ਦੇ ਹਰ ਪਹਿਲੂ ਵਿਚ ਪ੍ਰਗਟ ਤੌਰ ਤੇ ਮਹਿਸੂਸ ਕੀਤਾ ਜਾ ਰਿਹਾ ਸੀ। ਰੇਲ ਗਡੀਆਂ ਵਿਚ ਕੁਝ ਡਬੇ ਅੰਗਰੇਜ਼ਾਂ ਲਈ ਰੀਜ਼ਰਵ (ਰਾਖਵੇਂ) ਕਰ ਦਿਤੇ ਜਾਂਦੇ। ਰੇਲ ਵਿਚ ਭਾਵੇਂ ਕਿਤਨੀ ਹੀ ਭੀੜ ਹੋਵੇ, ਹਿੰਦੁਸਤਾਨੀ, ਅੰਗਰੇਜ਼ਾਂ ਵਾਲੇ ਡਬੇ ਵਲ ਜਾਣ ਦੀ ਜੁਰਅੱਤ ਹੀ ਨਹੀਂ ਸਨ ਕਰ ਸਕਦੇ। ਏਥੇ ਹੀ ਬਸ ਨਹੀਂ, ਅੰਗਰੇਜ਼ ਮੁਸਾਫ਼ਰ ਜਦੋਂ ਚਾਹੁੰਦੇ ਆਪਣੇ ਰੀਜ਼ਰਵ ਡਬਿਆਂ ਤੋਂ ਇਲਾਵਾ ਜਿਸ ਡਬੇ ਤੇ ਚਾਹੁੰਦੇ ਕਬਜ਼ਾ ਕਰ ਲੈਂਦੇ। ਤੇ ਉਸ ਡਬੇ 'ਚੋਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.